ਵੱਡੀ ਉਮਰ ਦੇ ਵਿਅਕਤੀਆਂ ਵਿੱਚ ਡਿਲੀਰੀਅਮ ਦੀ ਰੋਕਥਾਮ ਅਤੇ ਦੇਖਭਾਲ

**ਹੋਰ ਪੜ੍ਹੋ ਅਤੇ
ਆਪਣੇ ਦਿਮਾਗ ਦੀ ਰੱਖਿਆ ਕਰੋ**

ਡਿਲੀਰੀਅਮ ਇੱਕ ਮੈਡੀਕਲ ਐਮਰਜੈਂਸੀ ਹੈ।

ਡਿਲੀਰੀਅਮ ਕੀ ਹੈ?

ਡਿਲੀਰੀਅਮ ਦਿਮਾਗ (ਮਨ) ਨਾਲ ਜੁੜੀ ਗੰਭੀਰ ਸਮੱਸਿਆ ਹੈ। ਇਸ ਨਾਲ ਵਿਅਕਤੀ ਦੀ ਸੁਚੇਤ ਰਹਿਣ, ਯਾਦ ਸ਼ਕਤੀ, ਸਮੇਂ ਅਤੇ ਸਥਾਨ ਪ੍ਰਤੀ ਜਾਗਰੂਕਤਾ, ਬੋਲਣ ਅਤੇ ਤਰਕ ਸ਼ਕਤੀ ਸਬੰਧੀ ਯੋਗਤਾਵਾਂ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ। ਡਿਲੀਰੀਅਮ ਇੱਕ ਮੈਡੀਕਲ ਐਮਰਜੈਂਸੀ ਹੈ। ਜੇ ਅਚਾਨਕ ਹੇਠ ਲਿਖੇ ਲੱਛਣ ਦਿਖਾਈ ਦੇਣ, ਭਾਵੇਂ ਉਹ ਪ੍ਰਗਟ ਜਾਂ ਲੋਪ ਹੋ ਰਹੇ ਹੋਣ, ਤਾਂ ਤੁਰੰਤ ਡਾਕਟਰੀ ਸਹਾਇਤਾ ਲਓ:

- ਧਿਆਨ ਵਿਚਲਿਤ ਹੋਣਾ ਜਾਂ
- ਸੰਵਾਦ ਵਿੱਚ ਪਰੇਸ਼ਾਨੀ।
- ਬੇਤੁਕੀਆਂ ਗੱਲਾਂ ਕਰਨਾ।
- ਦੂਜਿਆਂ ਨੂੰ ਦਿਖਾਈ ਸੁਣਾਈ ਨਾ ਦੇਣ ਵਾਲੀਆਂ ਚੀਜ਼ਾਂ ਦੇਖਣਾ ਸੁਨਣਾ।
- ਅਜੀਬ ਵਿਸ਼ਵਾਸ਼ ਪਾਲ ਲੈਣੇ ਜਿਵੇਂ ਲੋਕ ਤੁਹਾਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ।
- ਦੂਰ-ਦੂਰ, ਚੁੱਪ ਚਪੀਤੇ ਰਹਿਣਾ ਜਾਂ ਢਿੱਲਾਪਣ ਮਹਿਸੂਸ ਕਰਨਾ।
- ਬੇਚੈਨ, ਵਿਕਰਮੰਦ, ਰੁੱਸੇ ਜਾਂ ਗੁੱਸੇ ਹੋਣਾ।
- ਦਿਨੇ ਜਾਗਦੇ ਰਹਿਣ ਅਤੇ ਰਾਤ ਨੂੰ ਸੋਣ ਵਿੱਚ ਸਮੱਵਸਆ ਜਾਂ ਦੋਵੇਂ।

ਡਿਮੈਂਸ਼ੀਆ ਪੀੜਿਤ ਵਿਅਕਤੀ ਨੂੰ ਡਿਲੀਰੀਅਮ ਦੀ ਸਮੱਸਿਆ ਵੀ ਹੋ ਸਕਦੀ ਹੈ। ਕਈ ਵਾਰੀ ਡਿਲੀਰੀਅਮ ਡਿਮੈਂਸ਼ੀਆਂ ਦੀ ਤਰਾਂ ਲੱਗਦੀ ਹੈ। ਫਰਕ ਏਨਾ ਹੈ ਕਿ ਡਿਲੀਰੀਅਮ ਝਟਪਟ ਆਉਂਦੀ ਹੈ।

ਡਿਲੀਰੀਅਮ ਹੋਣ ਦੇ ਕਾਰਣ ਹੇਠ ਲਿਖੇ ਹਨ:

- ਮਸਾਣੇ (ਬਲੈਡਰ) ਜਾਂ ਫੇਫੜਿਆਂ ਦਾ ਇਨਫੈਕਸ਼ਨ।
- ਹਾਲੀਆ ਸਰਜਰੀ।
- ਵਿਭਿੰਨ ਮੈਡੀਕਲ ਪਰਿਸਥਿਤੀਆਂ।
- ਦਰਦ ਜਿਸਦਾ ਇਲਾਜ ਨਾ ਕੀਤਾ ਗਿਆ ਹੋਵੇ।
- ਕੁਝ ਦਵਾਈਆਂ ਸ਼ੁਰੂ ਕਰਨ ਜਾਂ ਮਾਤਰਾ ਵਧਾਉਣ ਨਾਲ।
- ਨੀਂਦ ਜਾਂ ਦਰਦ ਸਬੰਧੀ ਦਵਾਈਆਂ ਬੰਦ ਕਰਨ ਨਾਲ।
- ਸ਼ਰਾਬੀ ਦੁਆਰਾ ਪੀਣੀ ਬੰਦ ਕਰਨ 'ਤੇ।
- ਲੋੜੀਂਦਾ ਭੋਜਨ ਨਾ ਕਰਨਾ ਜਾਂ ਪਾਣੀ ਨਾ ਪੀਣਾ।
- ਪੂਰੀ ਨੀਂਦ ਨਾ ਲੈਣਾ।
- ਕੰਨ ਦੀ ਮਸ਼ੀਨ ਜਾਂ ਐਨਕਾਂ ਨਾ ਪਹਿਨਣਾ।

ਡਿਲੀਰੀਅਮ ਵਡੇਰਿਆਂ ਵਿੱਚ ਹੋਣਾ ਆਮ ਗੱਲ ਹੈ। ਇਸ ਦੀ ਰੋਕਥਾਮ ਅਤੇ ਇਲਾਜ ਸੰਭਵ ਹੈ।

ਡਿਲੀਰੀਅਮ ਦਾ ਇਲਾਜ:

ਇਸਦੇ ਇਲਾਜ ਦੇ ਕਈ ਵਿਕਲਪ ਮੌਜੂਦ ਹਨ। ਜ਼ਿਆਦਾਤਰ ਡਾਕਟਰ ਅਤੇ ਉਸਦੀ ਟੀਮ ਮਰੀਜ਼ ਅਤੇ ਉਸਦੇ ਪਰਿਵਾਰ ਦੇ ਸਹਿਯੋਗ ਨਾਲ ਡਿਲੀਰੀਅਮ ਦੇ ਮੂਲ ਕਾਰਣ ਦਾ ਪਤਾ ਕਰਕੇ ਉਸਦਾ ਇਲਾਜ ਕਰਦੇ ਹਨ। ਇੱਕ ਵਾਰੀ ਇਸਦੀ ਜੜ੍ਹ ਲੱਭ ਜਾਵੇ ਤਾਂ ਡਿਲੀਰੀਅਮ ਠੀਕ ਹੋ ਜਾਂਦੀ ਹੈ। ਉਦਾਹਰਣ ਲਈ ਜੇ ਡਿਲੀਰੀਅਮ ਕਿਸੇ ਇਨਫੈਕਸ਼ਨ ਕਾਰਣ ਹੋਈ ਹੋਵੇ ਤਾਂ ਇਨਫੈਕਸ਼ਨ ਦਾ ਇਲਾਜ ਕੀਤਾ ਜਾਵੇਗਾ। ਜੇ ਡਿਲੀਰੀਅਮ ਕਿਸੇ ਦਵਾਈ ਕਾਰਣ ਹੋਈ ਹੋਵੇ ਤਾਂ ਉਸਨੂੰ ਬੰਦ ਕਰਕੇ ਜਾਂ ਮਾਤਰਾ ਘਟਾ ਵਧਾ ਕੇ ਸਥਿਤੀ ਵਿੱਚ ਸੁਧਾਰ ਲਿਆਂਦਾ ਜਾ ਸਕਦਾ ਹੈ।

ਕਈ ਮਾਮਲਿਆਂ ਵਿੱਚ ਵਿਵਹਾਰ ਵਿੱਚ ਸੁਧਾਰ ਲਈ ਦਵਾਈ ਦੀ ਲੋੜ ਪੈਂਦੀ ਹੈ, ਵਿਸ਼ੇਸ਼ ਤੌਰ 'ਤੇ ਜਦੋਂ ਪੀੜਤ ਵਿਅਕਤੀ ਖੁਦ ਲਈ ਜਾਂ ਹੋਰਾਂ ਲਈ ਖਤਰਨਾਕ ਹੋ ਜਾਵੇ।

ਦੇਖਭਾਲ ਵਾਲੀ ਟੀਮ ਡਿਲੀਰੀਅਮ ਦੇ ਲੱਛਣਾਂ ਨੂੰ ਦੇਖਦੇ ਹੋਏ, ਤੁਹਾਡੇ ਪੂਰੀ ਤਰਾਂ ਠੀਕ ਹੋਣ ਤੀਕ, ਇਲਾਜ ਵਿਧੀ ਬਦਲ ਸਕਦੀ ਹੈ।

ਡਿਲੀਰੀਅਮ ਦੀ ਰੋਕਥਾਮ ਲਈ:

- ਦੇਖਭਾਲ ਕਰਨ ਵਾਲੇ ਨੂੰ ਤੁਹਾਡੀ ਦਵਾ ਲੈਣ ਦੇ ਸਮੇਂ ਅਤੇ ਢੰਗ ਬਾਰੇ ਪੂਰਾ ਗਿਆਨ ਹੋਵੇ। ਇਹ ਡਾਕਟਰੀ ਨਿਰਦੇਸ਼ਾਂ ਅਨੁਸਾਰ ਹੀ ਲਓ। ਦਵਾਈ ਸ਼ੁਰੂ, ਬੰਦ ਜਾਂ ਮਾਤਰਾ ਬਦਲਣ ਵੇਲੇ ਆਪਣੀ ਹਾਲਤ ਉੱਪਰ ਪੂਰਾ ਧਿਆਨ ਦਿਓ ਅਤੇ ਠੀਕ ਨਾ ਹੋਣ 'ਤੇ ਡਾਕਟਰ ਨੂੰ ਦੱਸੋ।
- ਸ਼ਰੀਰ ਨੂੰ ਕਿਰਿਆਸ਼ੀਲ ਰੱਖੋ।
- ਪੂਰਾ ਖਾਓ ਪੀਓ।
- ਨੀਂਦ ਦੀ ਦਵਾਈ ਲਏ ਬਗੈਰ ਰਾਤ ਨੂੰ ਸੌਣ ਦਾ ਜਤਨ ਕਰੋ।
- ਡਾਕਟਰੀ ਨਿਰਦੇਸ਼ਾਂ ਅਨੁਸਾਰ ਐਨਕਾਂ ਅਤੇ ਕੰਨ ਦੀ ਮਸ਼ੀਨ ਪਹਿਣੋ।
- ਆਪਣੇ ਸ਼ੌਂਕ ਅਤੇ ਮਨਪਸੰਦ ਕਿਰਿਆਵਾਂ ਜਾਰੀ ਰੱਖੋ।
- ਸ਼ਰਾਬ ਅਚਾਨਕ ਬੰਦ ਨਾ ਕਰੋ ਸਗੋਂ ਇਸਦੀ ਮਾਤਰਾ ਘਟਾਓ।

ਜੇ ਤੁਸੀਂ ਹਸਪਤਾਲ ਸਰਜਰੀ ਜਾਂ ਕਿਸੇ ਹੋਰ ਇਲਾਜ ਲਈ ਜਾ ਰਹੇ ਹੋ:

- ਉਸ ਹਸਪਤਾਲ ਵਿੱਚ ਡਿਲੀਰੀਅਮ ਦੀ ਰੋਕਥਾਮ ਸਬੰਧੀ ਇੰਤਜਾਮਾਂ ਬਾਰੇ ਪਤਾ ਕਰੋ।
- ਦੇਖਭਾਲ ਕਰਨ ਵਾਲੀ ਟੀਮ ਨੂੰ ਸਰਜਰੀ ਬਾਅਦ ਡਿਲੀਰੀਅਮ ਦੀ ਸੰਭਾਵਨਾ ਬਾਰੇ ਪੁੱਛੋ।
- ਡਿਲੀਰੀਅਮ ਹੋਣ ਪਿੱਛੋਂ ਦੇਖਭਾਲ ਸਬੰਧੀ ਵਿਕਲਪ ਚੁਨਣ ਵਿੱਚ ਮੁਸ਼ਕਿਲ ਆ ਸਕਦੀ ਹੈ। ਸਰਜਰੀ ਤੋਂ ਪਹਿਲਾਂ ਹੀ ਇਲਾਜ ਸਬੰਧੀ ਆਪਣੀ ਚੋਣ ਬਾਰੇ ਦੱਸ ਦਿਓ। ਵਧੇਰੇ ਜਾਣਕਾਰੀ ਲਈ ਐਡਵਾਂਸ ਕੇਅਰ ਪਲੈਨਿੰਗ ਵੈੱਬਸਾਈਟ ਦੇਖੋ।

ਡਿਲੀਰੀਅਮ ਪੀੜਤ ਪਰਿਵਾਰਕ ਜੀਅ ਦੀ ਸਹਾਇਤਾ ਕਿਵੇਂ ਕਰੋਗੇ:

ਹਸਪਤਾਲ, ਲੌਂਗ ਟਰਮ ਦੇਖਭਾਲ ਕੇਂਦਰ ਜਾਂ ਘਰ ਵਿੱਚ, ਮਰੀਜ਼ ਨੂੰ ਸੁਰੱਖਿਅਤ ਅਤੇ ਸ਼ਾਂਤ ਮਹਿਸੂਸ ਕਰਵਾਓ। ਲੋੜ ਵੇਲੇ ਵਿਸ਼ੇਸ਼ ਤੌਰ 'ਤੇ ਸ਼ਾਮ ਅਤੇ ਰਾਤ ਵੇਲੇ ਮਰੀਜ਼ ਨਾਲ ਰਹੋ। ਇਸ ਨਾਲ ਉਸਨੂੰ ਆਸਰਾ ਮਿਲੇਗਾ। ਜੇ ਤੁਸੀਂ ਨਾ ਰਹਿ ਸਕੋ ਤਾਂ ਪਰਿਵਾਰ ਦੇ ਹੋਰ ਜੀਅ ਜਾਂ ਮਿੱਤਰਾਂ ਨੂੰ ਮਨਾਓ। ਜਾਣੀਆਂ ਪਛਾਣੀਆਂ ਤਸਵੀਰਾਂ ਜਾਂ ਹੋਰ ਵਸਤਾਂ ਮਰੀਜ਼ ਨੂੰ ਸ਼ਾਂਤ ਕਰਨ ਲਈ ਸਹਾਇਕ ਹੋਣਗੀਆਂ।

ਲੋੜ ਪੈਣ 'ਤੇ ਦੇਖਭਾਲ ਟੀਮ ਨਾਲ ਗੱਲਬਾਤ ਕਰਨ ਲਈ ਮਰੀਜ਼ ਦੀ ਸਹਾਇਤਾ ਕਰੋ।

- ਨਰਮਾਈ ਨਾਲ ਹੌਲੀ ਬੋਲੋ। ਸ਼ਾਂਤ ਅਤੇ ਦਿਆਲੂ ਬਣੋ।
- ਆਪਣੀ ਵਾਰਤਾ ਛੋਟੀ ਰੱਖੋ, ਇੱਕ ਬਾਰ 'ਚ ਇੱਕ ਵਿਚਾਰ ਸਾਹਮਣੇ ਰੱਖੋ।
- ਮਰੀਜ਼ ਨੂੰ ਜਾਣਕਾਰੀ ਨੂੰ ਸਮਝਣ ਅਤੇ ਜਵਾਬ ਦੇਣ ਲਈ ਸਮਾਂ ਦਿਓ। ਲੋੜ ਪੈਣ 'ਤੇ ਜਾਣਕਾਰੀ ਦੁਹਰਾਓ।
- ਸਹਿਯੋਗੀ ਬਣੋ। ਉਹ ਜੋ ਸੋਚਦਾ, ਮਹਿਸੂਸ ਕਰਦਾ, ਦੇਖਦਾ ਜਾਂ ਸੁਣਦਾ ਹੈ ਉਸੇ ਨੂੰ ਸੱਚ ਮੰਨਦਾ ਹੈ।
- ਤੁਸੀਂ ਕੌਣ ਹੋ, ਮਰੀਜ਼ ਨੂੰ ਦੱਸੋ। ਉਸਨੂੰ ਦੱਸੋ ਕਿ ਉਹ ਕਿੱਥੇ ਅਤੇ ਕਦੋਂ ਤੋਂ ਹੈ।
- ਜੇ ਉਹ ਪਰੇਸ਼ਾਨ ਦਿਖੇ ਜਾਂ ਕੁਝ ਨਾ ਸਮਝੇ ਤਾਂ ਚਰਚਾ ਦਾ ਵਿਸ਼ਾ ਬਦਲੋ।

ਹੋ ਸਕਦਾ ਹੈ ਮਰੀਜ਼ ਤੁਹਾਨੂੰ ਨਾ ਪਛਾਣੇ। ਬੇਤੁਕੀਆਂ ਜਾਂ ਦਿਲ ਦੁਖਾਉਣ ਵਾਲੀਆਂ ਗੱਲਾਂ ਕਰੇ। ਉਸਦਾ ਬੁਰਾ ਨਾ ਮਨਾਓ।

ਦਿਨ ਸਮੇਂ ਨਿੱਤਨੇਮ ਨਿਰਧਾਰਿਤ ਕਰਨ ਲਈ ਸਹਿਯੋਗ ਦਿਓ: ਮਰੀਜ਼ ਦੇ ਕਮਰੇ ਵਿੱਚ ਪੂਰਾ ਚਾਨਣਾ ਹੋਵੇ ਅਤੇ ਪਰਦੇ ਕੁਦਰਤੀ ਰੌਸ਼ਨੀ ਲਈ ਖੁੱਲ੍ਹਦੇ ਹੋਣ। ਇਸ ਤਰਾਂ ਮਰੀਜ਼ ਨੂੰ ਆਪਣੇ ਸਥਾਨ ਅਤੇ ਸਮੇਂ ਬਾਰੇ ਪਤਾ ਚੱਲੇਗਾ। ਉਸਨੂੰ ਸਹੀ ਸਮੇਂ ਸੌਣ ਅਤੇ ਜਾਗਣ ਵਿੱਚ ਮਦਦ ਮਿਲੇਗੀ। ਦੀਵਾਰ ਘੜੀ ਅਤੇ ਕਲੰਡਰ ਲੱਗੇ ਹੋਣ 'ਤੇ ਨਿੱਤਨੇਮ ਦੀ ਪਾਲਣਾ ਕਰਨ ਵਿੱਚ ਸਹਾਇਤਾ ਮਿਲੇਗੀ।

ਰਾਤ ਦੇ ਨਿੱਤਨੇਮ ਲਈ ਉਤਸਾਹਿਤ ਕਰੋ:

- ਸਹੀ ਆਰਾਮ ਅਤੇ ਨੀਂਦ ਲਈ ਕਮਰੇ ਦੀ ਰੌਸ਼ਨੀ ਮੱਧਮ ਕਰ ਦਿਓ।
- ਮਰੀਜ਼ ਦੀ ਪਿੱਠ ਨੂੰ ਸਹਿਲਾਓ, ਕੋਸਾ ਦੁੱਧ ਦਿਓ, ਕੋਮਲ ਸੰਗੀਤ ਵਜਾਓ, ਛੋਟੀ ਸੈਰ ਤੇ ਲੈਜਾਓ, ਆਰਾਮਦਾਇਕ ਸਿਰਹਾਣਾ ਅਤੇ ਗਰਮ ਕੰਬਲ ਦਿਓ।
- ਸ਼ੋਰ ਨੂੰ ਸੀਮਿਤ ਰੱਖੋ।

ਆਪਣੇ ਅਜ਼ੀਜ਼ ਨੂੰ ਚੰਗਾ ਖਾਣ ਅਤੇ ਵਧੇਰੇ ਪਾਣੀ ਪੀਣ ਲਈ ਕਹੋ। ਇਹ ਅਤਿ ਮਹੱਤਵਪੂਰਨ ਹੈ। ਜੇ ਮਰੀਜ਼ ਨੂੰ ਪਰੇਸ਼ਾਨੀ ਹੋਵੇ ਤਾਂ ਦੇਖਭਾਲ ਟੀਮ ਦੀ ਸਹਾਇਤਾ ਲਓ। ਆਪਣੇ ਦੌਰੇ ਵੇਲੇ ਉਹਨਾਂ ਨੂੰ ਸ਼ਰਾਬ ਪਿਆਉਣ ਸਬੰਧੀ ਸਲਾਹ ਲਓ।

ਮਰੀਜ਼ ਦੀਆਂ ਐਨਕਾਂ, ਕੰਨ ਦੀ ਮਸ਼ੀਨ ਅਤੇ ਨਕਲੀ ਦੰਦ ਉਪਲਬਧ ਕਰਾਓ:

ਦੇਖਣ ਸੁਨਣ ਦੀ ਸਮੱਸਿਆ ਡਿਲੀਰੀਅਮ ਦੀ ਸਮੱਸਿਆ ਵਿੱਚ ਵਾਧਾ ਕਰਦੀ ਹੈ। ਆਪਣੇ ਜੀਅ ਨੂੰ ਐਨਕਾਂ ਅਤੇ ਕੰਨ ਮਸ਼ੀਨਾਂ ਪਹਿਨਣ ਲਈ ਉਤਸਾਹਿਤ ਕਰੋ। ਐਨਕਾਂ ਸਾਫ਼ ਅਤੇ ਕੰਨ ਯੰਤਰ ਸਹੀ ਕੰਮ ਕਰਦੇ ਹੋਣ। ਨਕਲੀ ਦੰਦਾਂ ਨਾਲ ਮਰੀਜ਼ ਨੂੰ ਖਾਣ ਪੀਣ ਅਤੇ ਗੱਲ ਕਰਨ ਵਿੱਚ ਸਹਾਇਤਾ ਮਿਲੇਗੀ।

ਕਿਰਿਆਸ਼ੀਲ ਹੋਣ ਵਿੱਚ ਸਹਿਯੋਗੀ ਬਣੋ

ਪਤਾ ਕਰੋ ਕਿ ਮਰੀਜ਼ ਨੂੰ ਸ਼ਰੀਰਿਕ ਤੌਰ 'ਤੇ ਕਿੰਨਾ ਕਿਰਿਆਸ਼ੀਲ ਹੋਣਾ ਚਾਹੀਦਾ ਹੈ ਅਤੇ ਤੁਸੀਂ ਉਸਦੀ ਕਿਸ ਤਰਾਂ ਸਹਾਇਤਾ ਕਰ ਸਕਦੇ ਹੋ। ਜੇ ਮਰੀਜ਼ ਗੱਡੀ ਚਲਾਉਣਾ ਜਾਣਦਾ ਹੈ ਤਾਂ ਪਤਾ ਕਰੋ ਕਿ ਦੋਬਾਰਾ ਚਲਾਉਣਾ ਕਦੋਂ ਸੁਰੱਖਿਅਤ ਹੋਵੇਗਾ।

ਠੀਕ ਹੋਣ ਵੱਲ ਧਿਆਨ ਦਿਓ

ਮਰੀਜ਼ ਨੂੰ ਡਿਲੀਰੀਅਮ ਦੌਰਾਨ ਉਸਦੀਆਂ ਹਰਕਤਾਂ, ਗੱਲਾਂ ਜਾਂ ਡਿਲੀਰੀਅਮ ਦੇ ਲੱਛਣਾਂ ਬਾਰੇ ਯਾਦ ਨਾ ਕਰਾਓ। ਇਹ ਉਸ ਲਈ ਡਰਾਵਣਾ ਅਤੇ ਸ਼ਰਮਨਾਕ ਹੋ ਸਕਦਾ ਹੈ। ਉਸ ਦੇ ਚੰਗਾ ਹੋਣ ਵੱਲ ਧਿਆਨ ਦਿਓ।

ਭਵਿੱਖ ਵਿੱਚ ਡਿਲੀਰੀਅਮ ਦੀ ਰੋਕਥਾਮ ਲਈ ਸਹਾਇਤਾ ਕਰੋ

ਡਿਲੀਰੀਅਮ ਦੀ ਸਮੱਸਿਆ ਦੇ ਕਾਰਣਾਂ ਅਤੇ ਭਵਿੱਖ ਵਿੱਚ ਇਸਦੀ ਰੋਕਥਾਮ ਬਾਰੇ ਜਾਨਣ ਲਈ ਡਾਕਟਰ ਨਾਲ ਗੱਲ ਕਰੋ।

ਵਡਲੀਰੀਅਮ ਬਾਰੇ ਹੋਰ ਵਸੀਲੇ

ਬੁਜ਼ੁਰਗਾਂ ਦੀ ਮਾਨਸਿਕ ਸਿਹਤ ਲਈ ਕੈਨੇਡੀਅਨ ਗਠਜੋੜ (CCSMH)
www.ccsmh.ca

ਵੈਨਕੂਵਰ ਟਾਪੂ ਸਿਹਤ ਅਥਾਰਟੀ (VIHA)
www.viha.ca/mhas/resources/delirium

ਕੈਨੇਡਾ ਸਰਕਾਰ ਦੀ ਬੁਜ਼ੁਰਗਾਂ ਲਈ ਵੈੱਬਸਾਈਟ
www.seniors.gc.ca

ਇਹ ਮੇਰਾ ਮੰਮੀ ਨਹੀ ਹੈ
www.thisisnotmymom.ca

ਪੇਸ਼ਗੀ ਦੇਖਭਾਲ ਯੋਜਨਾ
www.advancecareplanning.ca/resource-library

ਸੀ. ਸੀ. ਐੱਸ. ਐੱਮ. ਐੱਚ ਦੁਆਰਾ ਵਡੇਰਿਆਂ ਦੀ ਦਿਮਾਗ਼ੀ ਸਿਹਤ ਸਬੰਧੀ ਜਾਰੀ ਕੌਮੀ ਦਿਸ਼ਾ ਨਿਰਦੇਸ਼: ਡਿਲੀਰੀਅਮ ਦਾ ਮੁਲਾਂਕਣ ਅਤੇ ਇਲਾਜ। ਕਨੇਡਾ ਦੀ ਪਬਲਿਕ ਹੈਲਥ ਏਜੰਸੀ ਦੁਆਰਾ ਦਿੱਤੀ ਗਈ ਵਿੱਤੀ ਸਹਾਇਤਾ ਅਤੇ ਸਹਿਯੋਗ ਨਾਲ ਜਾਰੀ।

ਘੋਸ਼ਣਾ:

ਇਹ ਦਸਤਾਵੇਜ਼ ਕੇਵਲ ਸੂਚਨਾ ਅਤੇ ਜਾਣਕਾਰੀ ਹਿੱਤ ਜਾਰੀ ਕੀਤਾ ਗਿਆ ਹੈ। ਇਹ ਕੋਈ ਡਾਕਟਰੀ ਅਭਿਆਸ ਹਿੱਤ ਜਾਂ ਡਾਕਟਰੀ ਸਲਾਹ ਨਹੀਂ ਹੈ ਜੀ।

ਭਾਸ਼ਾ ਗਿਆਨ ਦੀ ਸਮੱਸਿਆ ਕਾਰਣ ਜੇ ਕਿਸੇ ਨੂੰ ਉੱਪਰ ਦਿੱਤੇ ਵੈੱਬ ਲਿੰਕਾਂ ਤੋਂ ਵਧੇਰੇ ਜਾਣਕਾਰੀ ਲੈਣ ਵਿੱਚ ਮੁਸ਼ਕਿਲ ਹੋਵੇ ਤਾਂ ਆਪਣੇ ਕਿਸੇ ਅੰਗਰੇਜ਼ੀ-ਪੰਜਾਬੀ ਦੋਵੇਂ ਬੋਲੀਆਂ ਸਮਝਣ ਵਾਲੇ ਮਿੱਤਰ ਦੀ ਸਹਾਇਤਾ ਲਓ।

Bring solutions to light
Mettre en lumière les solutions

Canadian Coalition for
Seniors' Mental Health
Coalition Canadienne pour la Santé
Mentale des Personnes Âgées